*ਪ੍ਰੈਸ ਨੋਟ*
*(ਫਿਰੋਜ਼ਪੁਰ ਪੁਲਿਸ)*

ਜਿਲ੍ਹਾਂ ਪੁਲਿਸ ਫਿਰੋਜਪੁਰ ਵੱਲੋਂ ਮਾੜੇ ਅਨਸਰਾਂ ਖਿਲਾਫ ਜਾਰੀ ਮੁਹਿੰਮ ਤਹਿਤ ਵੱਡੀ ਸਫਲਤਾ ਹਾਸਲ ਕਰਦਿਆ 02 ਨਸ਼ਾ ਤਸਕਰਾਂ ਨੂੰ ਕਾਬ ਕਰਕੇ 02 ਕਿਲੋਂ ਹੈਰੋਇਨ ਅਤੇ ਇੱਕ ਮੋਟਰਸਾਇਕਲ ਬਰਾਮਦ ਕੀਤਾ।

ਫਿਰੋਜਪੁਰ : 15 ਅਕਤੂਬਰ, 2023

ਜਿਲ੍ਹਾ ਪੁਲਿਸ, ਫਿਰੋਜਪਰ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦੀਆ ਦੱਸਿਆ ਗਿਆ ਕਿ ਪੰਜਾਬ ਸਰਕਾਰ ਅਤੇ ਮਾਨਯੋਗ ਡੀ.ਜੀ.ਪੀ. ਪੰਜਾਬ ਜੀ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਸਮਾਜ ਵਿਰੋਧੀ ਅਨਸਰਾਂ ਅਤੇ ਸ਼ਰਾਰਤੀ ਅਨਸਰਾਂ ਦੀਆ ਵਾਰਦਾਤਾਂ ਨੂੰ ਪੂਰੀ ਤਰ੍ਹਾਂ ਠੱਲ ਪਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਜਿਸ ਵਿੱਚ ਵਿਸ਼ੇਸ਼ ਤੌਰ ਨਸ਼ਾਂ ਤਸਕਰਾਂ ਖਿਲਾਫ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਸਬੰਧੀ ਜਿਲ੍ਹਾਂ ਪੁਲਿਸ ਦੁਆਰਾ ਜਿਲ੍ਹਾਂ ਦੇ ਸਮੂਹ ਗਜ਼ਟਿਡ ਪੁਲਿਸ ਅਧਿਕਾਰੀਆ ਦੀ ਨਿਗਰਾਨੀ ਹੇਠ ਸਪੈਸ਼ਲ ਟੀਮਾਂ ਬਣਾਈਆ ਗਈਆ ਹਨ, ਜੋ ਮੁਸ਼ਤੈਦੀ ਨਾਲ ਪੂਰੇ ਏਰੀਆ ਅੰਦਰ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰ ਰਹੀਆ ਹਨ।

ਇਸ ਮੁਹਿਮ ਤਹਿਤ ਸ੍ਰੀ ਰਣਧੀਰ ਕੁਮਾਰ, ਆਈ.ਪੀ.ਐਸ, ਕਪਤਾਨ ਪੁਲਿਸ (ਇੰਨਵੈ:) ਫਿਰੋਜਪੁਰ ਅਤੇ ਸ੍ਰੀ ਬਲਕਾਰ ਸਿੰਘ ਡੀ.ਐਸ.ਪੀ (ਇਨੰਵੈਸਟੀਗੇਸ਼ਨ) ਫਿਰੋਜਪੁਰ ਦੀ ਨਿਗਰਾਨੀ ਹੇਠ ਇੰਸ: ਹਰਪ੍ਰੀਤ ਸਿੰਘ ਇੰਚਾਰਜ ਸੀ.ਆਈ.ਏ ਫਿਰੋਜਪੁਰ ਦੀ ਅਗਵਾਈ ਅਧੀਨ ਐਸ.ਆਈ ਜੱਜਪਾਲ ਸਿੰਘ ਸੀ.ਆਈ.ਏ ਸਟਾਫ ਫਿਰੋਜਪੁਰ ਦੇ ਹੱਥ ਮਿਤੀ 14-10-2023 ਨੂੰ ਵੱਡੀ ਸਫਲਤਾ ਲੱਗੀ ਜਦੋ ਉਹ ਸਮੇਤ ਕਰਮਚਾਰੀਆ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਸਬੰਧੀ ਗਸ਼ਤ ਦੇ ਸਬੰਧ ਵਿੱਚ ਮੇਨ ਚੌਕ ਬਾਰੇ ਕੇ ਮੌਜੂਦ ਸੀ ਤਾਂ ਏ.ਐਸ.ਆਈ ਗੁਰਮੀਤ ਸਿੰਘ ਨੇ ਉਸ ਨੂੰ ਸੂਚਨਾ ਦਿੱਤੀ ਕਿ ਰਾਜਦੀਪ ਸਿੰਘ ਉਰਫ ਰਾਜੂ ਪੁੱਤਰ ਬੱਗਾ ਸਿੰਘ ਵਾਸੀ ਪਿੰਡ ਅਲੀ ਕੇ ਥਾਣਾ ਸਦਰ ਫਿਰੋਜਪੁਰ ਹਾਲ ਨਿਹਾਲੇ ਵਾਲਾ ਫਿਰੋਜਪੁਰ, ਅਮਰੀਕ ਸਿੰਘ ਉਰਫ ਸੇਮਾ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਪੁਰਾਨਾ ਬਾਰੇ ਕੇ ਥਾਣਾ ਸਦਰ ਫਿਰੋਜਪੁਰ ਅਤੇ ਹਰਜਿੰਦਰ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਪਿੰਡ ਅਲੀ ਕੇ ਥਾਣਾ ਸਦਰ ਫਿਰੋਜਪੁਰ, ਮਿਲ ਕੇ ਹੈਰੋਇਨ ਵੇਚਦੇ ਹਨ। ਜੋ ਅੱਜ ਵੀ ਰਾਜਦੀਪ ਸਿੰਘ ਉਰਫ ਰਾਜੂ ਅਤੇ ਅਮਰੀਕ ਸਿੰਘ ਉਰਫ ਸੇਮਾ ਉਕਤਾਨ ਦੋਵੇ ਭਾਰੀ ਮਾਤਰਾ ਵਿੱਚ ਹੈਰੋਇਨ ਲੈ ਕੇ ਵੇਚਣ ਲਈ **ਮੋਟਰਸਾਇਕਲ ਹੀਰੋ ਸਪਲੈਂਡਰ ਰੰਗ ਕਾਲਾ ਬਿਨ੍ਹਾ ਨੰਬਰੀ ਪਰ ਸਵਾਰ ਹੋ ਕੇ ਬਾਰੇ ਕੇ ਰੋਡ ਨਿਹਰਾ ਪਾਸ ਆ ਰਹੇ ਹਨ** ਜੇਕਰ ਹੁਣੇ ਨਾਕਾਬੰਦੀ ਕੀਤੀ ਜਾਵੇ ਤਾਂ ਇਹਨਾਂ ਦੋਹਾਂ ਨੂੰ ਹੈਰੋਇਨ ਸਮੇਤ ਰੰਗੇ ਹੱਥੀ ਕਾਬੂ ਕੀਤਾ ਜਾ ਸਕਦਾ ਹੈ। ਜਿਸ ਤੇ ਰਾਜਦੀਪ ਸਿੰਘ ਉਰਫ ਰਾਜੂ, ਅਮਰੀਕ ਸਿੰਘ ਉਰਫ ਸੇਮਾ ਅਤੇ ਹਰਜਿੰਦਰ ਸਿੰਘ ਉਕਤਾਨ ਖਿਲਾਫ ਮੁਕੱਦਮਾ ਨੰਬਰ 185 ਮਿਤੀ 14-10-2023 ਅ/ਧ 21 ਐਨ.ਡੀ.ਪੀ.ਐਸ. ਐਕਟ ਥਾਣਾ ਸਦਰ ਫਿਰੋਜਪੁਰ ਦਰਜ ਰਜਿਸਟਰ ਕੀਤਾ ਗਿਆ। ਐਸ.ਆਈ ਜੱਜਪਾਲ ਸਿੰਘ ਵੱਲੋਂ ਮੁਖਬਰੀ ਦੇ ਅਧਾਰ ਤੇ **ਬਾਰੇ ਕੇ ਪੁਲ ਨਹਿਰ ਪਰ ਨਾਕਾਬੰਦੀ** ਕਰਕੇ ਰਾਜਦੀਪ ਸਿੰਘ ਉਰਫ ਰਾਜੂ ਅਤੇ ਅਮਰੀਕ ਸਿੰਘ ਉਰਫ ਸੇਮਾ ਉਕਤਾਨ ਨੂੰ ਕਾਬੂ ਕਰਕੇ ਉਹਨਾਂ ਦੇ ਕਬਜੇ **ਵਿਚਲੇ ਕਿੱਟ ਬੈਗ ਰੰਗ ਕਾਲਾ ਵਿੱਚੋ 02 ਕਿਲੋਗ੍ਰਾਮ ਹੈਰੋਇਨ ਬ੍ਰਾਮਦ ਹੋਈ।** ਦੋਸ਼ੀਆਂ ਨੂੰ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ ਅਤੇ ਹੋਰ ਗੰਭੀਰਤਾ ਨਾਲ ਪੁੱਛ-ਗਿੱਛ ਕਰਕੇ ਨਸ਼ੇ ਦੇ ਸੋਰਸ ਤੇ ਪਹੁੰਚਦੇ ਟਿਕਾਣਿਆਂ ਦਾ ਪਤਾ ਲਗਾ ਕੇ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਰਹਿੰਦੇ ਦੋਸ਼ੀ ਹਰਜਿੰਦਰ ਸਿੰਘ ਨੂੰ ਵੀ ਖੂਫੀਆ ਸੋਰਸਾਂ ਰਾਹੀਂ ਜਲਦ ਤੋਂ ਜਲਦ ਗ੍ਰਿਫਤਾਰ ਕੀਤਾ ਜਾਵੇਗਾ।

ਮੁਕੱਦਮਾ ਨੰਬਰ 185 ਮਿਤੀ 14-10-2023 ਅ/ਧ 21 ਐਨ.ਡੀ.ਪੀ.ਐਸ. ਐਕਟ ਥਾਣਾ ਸਦਰ ਫਿਰੋਜਪੁਰ

ਵਕੂਆ ਦੀ ਥਾਂ:- **ਬਾਰੇ ਕੇ ਰੋਡ ਨਹਿਰਾ ਪਾਸ**

**ਦੋਸ਼ੀਆਂ ਦੇ ਨਾਮ :-**

1) ਰਾਜਦੀਪ ਸਿੰਘ ਉਰਫ ਰਾਜੂ ਪੁੱਤਰ ਬੱਗਾ ਸਿੰਘ ਵਾਸੀ ਪਿੰਡ ਅਲੀ ਕੇ ਥਾਣਾ ਸਦਰ ਫਿਰੋਜਪੁਰ ਹਾਲ ਨਿਹਾਲੇ ਵਾਲਾ ਫਿਰੋਜਪੁਰ (ਗ੍ਰਿ: 14-10-23)

2) ਅਮਰੀਕ ਸਿੰਘ ਉਰਫ ਸੇਮਾ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਪੁਰਾਨਾ ਬਾਰੇ ਕੇ ਥਾਣਾ ਸਦਰ ਫਿਰੋਜਪੁਰ (ਗ੍ਰਿ: 14-10-23)

3) ਹਰਜਿੰਦਰ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਪਿੰਡ ਅਲੀ ਕੇ ਥਾਣਾ ਸਦਰ ਫਿਰੋਜਪੁਰ (ਗ੍ਰਿਫਤਾਰੀ ਬਾਕੀ)

**ਬ੍ਰਾਮਦਗੀ :-** 02 ਕਿਲੋ ਹੈਰੋਇਨ ਅਤੇ ਮੋਟਰਸਾਇਕਲ ਹੀਰੋ ਸਪਲੈਂਡਰ ਬਿਨ੍ਹਾ ਨੰਬਰੀ

ਪੜਤਾਲ ਰਿਕਾਰਡ ਕਰਨ ਤੇ ਮੁਸੱਮੀ ਰਾਜਦੀਪ ਸਿੰਘ ਉਰਫ ਰਾਜੂ ਖਿਲਾਫ ਹੇਠ ਲਿਖੇ ਮੁਕੱਦਮੇ ਦਰਜ ਰਜਿਸਟਰ ਹੋਣੇ ਤਸਦੀਕ ਹੋਏ ਹਨ।

1) ਮੁਕੱਦਮਾ ਨੰਬਰ 38 ਮਿਤੀ 23-02-19 ਅ/ਧ 21/61/85 ਐਨ.ਡੀ.ਪੀ.ਐਸ. ਐਕਟ ਥਾਣਾ ਸਦਰ ਫਿਰੋਜਪੁਰ।

2) ਮੁਕੱਦਮਾ ਨੰਬਰ 231 ਮਿਤੀ 08-10-22 ਅ/ਧ 25/28/29/30 ਐਨ.ਡੀ.ਪੀ.ਐਸ. ਐਕਟ, 54/59 ਅਸਲਾ ਐਕਟ, 188 ਭ:ਦ: ਥਾਣਾ ਸਦਰ ਫਿਰੋਜਪੁਰ।